# ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ

## ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਬੀ ਬਲਾਕ , ਚੋਥੀ ਮਜਿੰਲ ਫੇਜ-8, ਐਸ.ਏ.ਐਸ ਨਗਰ

## ਅਮਲਾ–1 (ਤੱਰਕੀਆਂ)

## ਪਬਲਿਕ ਨੋਟਿਸ

1.0 ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸਨ ਨੰ: 185 ਆਫ 2014– ਸਵੀਟੀ ਬਡਵਾਲ ਅਤੇ ਹੋਰਾਂ ਵਿੱਚ ਮਿਤੀ 16–12–2016 ਦੇ ਹੁਕਮਾਂ ਦੇ ਸਨਮੁੱਖ ਵਿਭਾਗ ਵੱਲੋਂ ਮਾਸਟਰ/ਮਿਸਟ੍ਰੈਸ ਕਾਡਰ ਦੀ ਮਿਤੀ 19-06-2019 ਨੂੰ ਸਾਂਝੀ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਸੀ।

2.0 ਪਰੰਤੂ ਮਾਨਯੋਗ ਹਾਈ ਕੋਰਟ ਵਿੱਚ ਸਿਵਲ ਰਿੱਟ ਪਟੀਸਨ ਨੰਬਰ 28434 ਆਫ 2019 ਵਿੱਚ ਮਿਤੀ 1-10-2019 ਨੂੰ ਹੁਕਮ ਪਾਸ ਕਰਦੇ ਹੋਏ ਵਿਭਾਗ ਵੱਲੇ ਮਿਤੀ 19-06-2019 ਨੂੰ ਜਾਰੀ ਕੀਤੀ ਮਾਸਟਰ ਕਾਡਰ ਦੀ ਸਾਂਝੀ ਸੀਨੀਆਰਤਾ ਸੂਚੀ ਤੇ ਰੋਕ ਲਗਾ ਦਿੱਤੀ ਗਈ।

3.0 ਹੁਣ ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ 28434 ਆਫ 2019 ਵਿੱਚ ਮਿਤੀ 29.01.2021 ਨੂੰ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਹਨਃ

*" Lis in the present bunch of petitions is primarily qua inter se seniority between the petitioners and private respondents. Given the nature of controversy, case is not of such dire urgency so as to not await resumption of physical hearing. Multiple number of files/records are involved with several learned counsels to address arguments at length.*

*Adjourned to 26.04.2021 to await the resumption of physical hearing. Pleadings be completed in the meanwhile in all the cases.*

*However, having heard part arguments I am of the view interim modification/clarifications of the earlier order dated 01.10.2019 are warranted, subject to the final adjudication of the case/s. Appropriately, the official respondents are **granted liberty to fill up the vacant posts of lecturers, but without either disturbing the seniority as on today and/or reverting any of the serving teachers/Lecturers**. It is made clear that any appointments made, during pendency of this bunch of writ petitions, shall not confer any special equity and/or create any right in favorof the appointees, either to claim seniority or continue on their respective posts. The instant order is being passed as an interim/adhoc arrangement, in the general interest of management of schools, so as to not deprive the state of the requisite faculty needed to run its schools.*

*A copy of this order be placed on the files of connected petitions".*

4.0 ਉਕਤ ਹੁਕਮਾਂ ਦੇ ਸਨਮੁੱਖ ਮਾਸਟਰ/ਮਿਸਟ੍ਰੈਸ ਕਾਡਰ ਦੀ ਮਿਤੀ 19-06-2019 ਨੂੰ ਜਾਰੀ ਕੀਤੀ ਸਾਂਝੀ ਸੀਨੀਆਰਤਾ ਸੂਚੀ ਦੇ ਆਧਾਰ ਤੇ ਹੀ ਮਾਸਟਰ/ਮਿਸਟ੍ਰੈਸ ਕਾਡਰ ਤੋਂ **ਬਤੋਰ ਲੈਕਚਰਾਰ ਪੰਜਾਬੀ, ਪੋਲ ਸਾਇੰਸ, ਹਿਸਟਰੀ, ਜੋਗਰਫੀ, ਮੈਥ ਅਤੇ ਹਿੰਦੀ ਵਿਸ਼ਿਆਂ** ਵਿੱਚ ਮਿਤੀ 17-09-2021 ਰਾਹੀਂ ਆਰਜ਼ੀ ਤੋਰ ਤੇ **(provisional)** ਪਦ-ਉਨੱਤ ਕੀਤੇ ਗਏ ਸਨ। ਹੁਣ ਇਨ੍ਹਾਂ ਪਦ ਉਨੱਤ ਹੋਏ ਕਰਮਚਾਰੀਆਂ ਨੂੰ ਸਬੰਧਤ ਵਿਸ਼ਿਆਂ ਵਿੱਚ ਬਤੌਰ ਲੈਕਚਰਾਰ ਤੈਨਾਤੀ ਕਰਨ ਲਈ ਸਟੇਸ਼ਨ ਅਲਾਟ ਕੀਤੇ ਜਾਣੇ ਹਨ। ਇਨ੍ਹਾਂ ਪਦ ਉਨੱਤ ਹੋਏ ਕਰਮਚਾਰੀਆਂ ਦੀ PDF FILE ਨਾਲ ਨੱਥੀ ਹੈ।

5.0 ਇਨ੍ਹਾਂ ਕਰਮਚਾਰੀਆਂ ਵੱਲੋਂ ਮਿਤੀ 26-09-2021 ਤੱਕ ਆਪਣੀ ਈ-ਪੰਜਾਬ ਦੀ ਸਟਾਫ ਲੋਗ ਇੰਨ ਆਈ.ਡੀ ਵਿੱਚ ਵਿਭਾਗ ਵਲੋਂ ਤਿਆਰ ਕੀਤੇ ਸਾਫਟਵੇਅਰ ਰਾਹੀਂ ਸਟੇਸ਼ਨ ਦੀ ਚੋਣ ਕੀਤੀ ਜਾਵੇਗੀ।

6.0 ਸਟੇਸ਼ਨ ਚੋਣ ਕਰਨ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ:-

6.1 ਪਦ ਉਨੱਤ ਕਰਮਚਾਰੀ ਆਪਣੀ Staff Login ID ਵਿੱਚ ਲਾਗਿਨ ਕਰਨ ਉਪਰੰਤ ਉਹ ਸਟੇਸ਼ਨ ਚੋਣ (Station Choice) ਦੇ ਲਿੰਕ ਤੇ ਕਲਿਕ ਕਰਨਗੇ।

6.2 *ਸਟੇਸ਼ਨ ਚੋਣ (Station Choice) ਦੇ ਲਿੰਕ ਤੇ ਕਲਿਕ ਕਰਨ ਤੇ ਖਾਲੀ ਸਟੇਸ਼ਨਾਂ ਦੀ ਲਿਸਟ ਦਿਖਾਈ ਦੇਵੇਗੀ।*

6.3 ***ਸਾਰੇ ਕਰਮਚਾਰੀਆਂ ਨੂੰ ਆਪਣੇ ਵਿਸ਼ੇ ਨਾਲ ਸਬੰਧਤ ਆਪਣੀ ਪ੍ਰਾਥਮਿਕਤਾ ਅਨੁਸਾਰ ਵੱਧ ਤੋਂ ਵੱਧ ਸਟੇਸ਼ਨ ਚੋਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਜੇਕਰ ਕਿਸੇ ਕਰਮਚਾਰੀ ਵਲੋਂ ਪ੍ਰਾਥਮਿਕਤਾ ਅਨੁਸਾਰ ਚੋਣ ਕੀਤੇ ਗਏ ਸਾਰੇ ਸਟੇਸ਼ਨਾਂ ਦੀ ਕਿਸੇ ਨਾ ਕਿਸੇ ਹੋਰ ਸੀਨੀਅਰ ਕਰਮਚਾਰੀਆਂ ਵੱਲੋਂ ਚੋਣ ਕਰ ਲਈ ਜਾਂਦੀ ਹੈ ਤਾਂ ਉਸ ਸਥਿਤੀ ਵਿੱਚ ਵਿਭਾਗ ਵੱਲੋਂ ਕਰਮਚਾਰੀ ਨੂੰ ਆਪਣੇ ਪੱਧਰ ਤੇ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ।***

*6.4* ***ਸਟੇਸ਼ਨ ਸਿਲੈਕਟ ਕਰਨ ਉਪਰੰਤ ਸਬਮਿਟ (Submit) ਬਟਨ ਕਲਿਕ ਕਰਨਗੇ ।***

*7.0* ***ਇੱਥੇ ਇਹ ਵੀ ਸਪਸ਼ੱਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਕਰਮਚਾਰੀ ਸਟੇਸ਼ਨ ਦੀ ਚੋਣ ਨਹੀਂ ਕਰਦਾ ਤਾਂ ਵਿਭਾਗ ਵੱਲੋਂ ਆਪਣੇ ਪਧੱਰ ਤੇ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ।***

24-09-2021

ਮਿਤੀ:24-09-2021

ਸਹਾਇਕ ਡਾਇਰੈਕਟਰ, ਅਮਲਾ-1 (ਤਰੱਕੀਆਂ)
ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ